# ਚਿਮਟਾ ਬਾਬੇ ਦਾ

ਧੁਨ- ਨੀ ਮੈਂ ਕੱਤਾਂ ਪ੍ਰੀਤਾਂ ਨਾਲ

ਭਗਤਾ, ਸੁਣ ਲੈ ਸ਼ਰਧਾ ਨਾਲ, ਚਿਮਟਾ ਬਾਬੇ ਦਾ ॥
( ਜੈ ਹੋ, ਚਿਮਟਾ ਬਾਬੇ ਦਾ )
ਏਹ, ਸਭ ਤੇ ਰੰਗ ਚੜ੍ਹਾਵੇ, ਚਿਮਟਾ ਬਾਬੇ ਦਾ ।
( ਜੈ ਹੋ, ਚਿਮਟਾ ਬਾਬੇ ਦਾ )
ਏਹ, ਸਭ ਦੇ ਕਸ਼ਟ ਮਿਟਾਵੇ, ਚਿਮਟਾ ਬਾਬੇ ਦਾ ।
( ਜੈ ਹੋ, ਚਿਮਟਾ ਬਾਬੇ ਦਾ )
ਏਹ, ਸਭ ਨੂੰ ਮਸਤ ਬਣਾਵੇ, ਚਿਮਟਾ ਬਾਬੇ ਦਾ ।
( ਜੈ ਹੋ, ਚਿਮਟਾ ਬਾਬੇ ਦਾ )
ਭਗਤਾ, ਸੁਣ ਲੈ ਸ਼ਰਧਾ ਨਾਲ, ਚਿਮਟਾ ਬਾਬੇ ਦਾ ।
( ਜੈ ਹੋ, ਚਿਮਟਾ ਬਾਬੇ ਦਾ )

ਇਸ ਚਿਮਟੇ ਦੀ, ਕਲਾ ਸੁਣਾਵਾਂ, ਸਭ ਨੂੰ ਮਸਤ ਬਣਾਵੇ ।
*ਢੋਲਕ ਦੇ ਸੰਗ, ਖੜ੍ਹਕੇ ਚਿਮਟਾ, ਸਭ ਤੇ ਰੰਗ ਚੜ੍ਹਾਵੇ,
ਚਿਮਟਾ ਬਾਬੇ ਦਾ,,,
( ਜੈ ਹੋ, ਚਿਮਟਾ ਬਾਬੇ ਦਾ )
ਭਗਤਾ, ਸੁਣ ਲੈ ਸ਼ਰਧਾ ਨਾਲ,,,,,,,,,,,,,,,,,,,,F

ਇਹ ਚਿਮਟਾ, ਸਾਡੇ ਬਾਬਾ ਜੀ ਦਾ, ਭਗਤਾਂ ਦਾ ਰਖਵਾਲਾ ।
*ਭੂਤ ਪ੍ਰੇਤ ਨੂੰ, ਦੂਰ ਹਟਾਵੇ, ਚਿਮਟਾ ਸ਼ਕਤੀ ਵਾਲਾ,
ਚਿਮਟਾ ਬਾਬੇ ਦਾ,,,
( ਜੈ ਹੋ, ਚਿਮਟਾ ਬਾਬੇ ਦਾ )
ਭਗਤਾ, ਸੁਣ ਲੈ ਸ਼ਰਧਾ ਨਾਲ,,,,,,,,,,,,,,,,,,,,F

ਵਿੱਚ ਤਲਾਈਆਂ, ਗੋਰਖ ਨਾਥ ਨੇ, ਮ੍ਰਿਗਸ਼ਾਲਾ ਨੂੰ ਉੜ੍ਹਾਇਆ ।
*ਵਿੱਚ ਅਕਾਸ਼ ਦੇ, ਇਸ ਚਿਮਟੇ ਨੇ, ਆਪਣਾ ਰੰਗ ਵਿਖਾਇਆ,
ਚਿਮਟਾ ਬਾਬੇ ਦਾ,,,
( ਜੈ ਹੋ, ਚਿਮਟਾ ਬਾਬੇ ਦਾ )
ਭਗਤਾ, ਸੁਣ ਲੈ ਸ਼ਰਧਾ ਨਾਲ,,,,,,,,,,,,,,,,,,,,F

ਸਤਿਸੰਗ ਦੇ ਵਿੱਚ, ਭਗਤ ਕੈਲਾਸ਼, ਚਿਮਟੇ ਨੂੰ ਖੜ੍ਹਕਾਵੇ ।
ਕੈਲਾਸ਼ ਧਾਮ, ਜਲੰਧਰ ਅੰਦਰ, ਪ੍ਰੇਮ ਦਾ ਰੰਗ ਚੜ੍ਹਾਵੇ,
ਚਿਮਟਾ ਬਾਬੇ ਦਾ,,,
( ਜੈ ਹੋ, ਚਿਮਟਾ ਬਾਬੇ ਦਾ )
ਭਗਤਾ, ਸੁਣ ਲੈ ਸ਼ਰਧਾ ਨਾਲ,,,,,,,,,,,,,,,,,,,,

ਅਪਲੋਡਰ- ਅਨਿਰਾਮੂਰਤੀਭੋਪਾਲ

https://www.bhajanganga.com/bhajan/lyrics/id/27391/title/chimta-babe-da

अपने Android मोबाइल पर BhajanGanga App डाउनलोड करें और भजनों का आनंद ले |